# ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ

**ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਈ-ਬਲਾਕ, ਚੌਥੀ ਮੰਜ਼ਿਲ, ਫੇਜ - 8, ਸ.ਅ.ਸ. ਨਗਰ**

ਵੱਲ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ),
ਪੰਜਾਬ ਰਾਜ ਵਿੱਚ।

ਮੀਮੋ ਨੰ. /202382562-65

ਮਿਤੀ: 21.03.23

ਵਿਸ਼ਾ:- **ਸਕੂਲਾਂ ਦੀ ਥਾਂ ਵੱਖ-ਵੱਖ ਦਫਤਰਾਂ ਵਿੱਚ ਦਫਤਰੀ ਕੰਮਾਂ ਦੀ ਡਿਊਟੀ ਕਰ ਰਹੇ ਸਾਇੰਸ ਅਤੇ ਗਣਿਤ ਵਿਸ਼ੇ ਦੇ ਲੈਕਚਰਾਰਾਂ ਨੂੰ ਵਾਪਸ ਉਹਨਾਂ ਦੇ ਪਿਤਰੀ ਸਕੂਲਾਂ ਵਿੱਚ ਭੇਜਣ ਸਬੰਧੀ।**

1.0 ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਵਿਭਾਗ ਦੇ ਧਿਆਨ ਵਿੱਚ ਆਇਆ ਹੈ ਕਿ ਬਹੁਤ ਸਾਰੇ ਸਾਇੰਸ ਅਤੇ ਗਣਿਤ ਵਿਸ਼ੇ ਦੇ ਲੈਕਚਰਾਰ ਸਕੂਲਾਂ ਦੀ ਥਾਂ ਵੱਖ-ਵੱਖ ਦਫਤਰਾਂ, ਜਿਵੇਂ ਕਿ ਮੁੱਖ ਦਫਤਰ, ਜਿਲ੍ਹਾ ਸਿੱਖਿਆ ਅਫਸਰ ਦਫਤਰ, ਬਲਾਕ ਪੱਧਰ ਦੇ ਦਫਤਰ, ਆਦਿ ਵਿੱਚ ਦਫਤਰੀ ਕੰਮ ਦੀ ਡਿਊਟੀ ਕਰ ਰਹੇ ਹਨ। ਇਹਨਾਂ ਲੈਕਚਰਾਰਾਂ ਦੇ ਦਫਤਰੀ ਕੰਮ ਦੀ ਡਿਊਟੀ ਕਰਦੇ ਹੋਣ ਕਾਰਣ ਇਹਨਾਂ ਦੇ ਪਿਤਰੀ ਸਕੂਲ ਵਿੱਚ ਸਾਇੰਸ ਅਤੇ ਗਣਿਤ ਵਿਸ਼ੇ ਦੇ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਹੈ।

2.0 ਉਪਰੋਕਤ ਸਥਿਤੀ ਦੇ ਸਨਮੁੱਖ ਵਿਦਿਆਰਥੀਆਂ ਦੀ ਪੜ੍ਹਾਈ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸਾਇੰਸ ਅਤੇ ਗਣਿਤ ਵਿਸ਼ੇ ਦੇ ਲੈਕਚਰਾਰ ਜੋ ਵੱਖ-ਵੱਖ ਦਫਤਰਾਂ ਵਿੱਚ ਦਫਤਰੀ ਕੰਮ ਦੀ ਡਿਊਟੀ ਕਰ ਰਹੇ ਹਨ, ਨੂੰ ਤੁਰੰਤ ਉਹਨਾਂ ਦੀ ਦਫਤਰੀ ਕੰਮ ਦੀ ਡਿਊਟੀ ਤੋਂ ਫਾਰਗ ਕਰਦੇ ਹੋਏ ਉਹਨਾਂ ਦੇ ਪਿਤਰੀ ਸਕੂਲਾਂ ਵਿੱਚ ਵਾਪਸ ਭੇਜਿਆ ਜਾਵੇ ਅਤੇ ਭਵਿੱਖ ਵਿੱਚ ਇਹਨਾਂ ਵਿਸ਼ਿਆ ਨਾਲ ਸਬੰਧਤ ਲੈਕਚਰਾਰਾ ਦੀ ਡਿਊਟੀ ਕਿਸੇ ਵੀ ਦਫਤਰੀ ਕੰਮ ਲਈ ਨਾ ਲਗਾਈ ਜਾਵੇ। ਜੇਕਰ ਭਵਿੱਖ ਵਿੱਚ ਅਜਿਹਾ ਪਾਇਆ ਜਾਂਦਾ ਹੈ ਤਾਂ ਉਸਨੂੰ ਗੰਭੀਰਤਾ ਨਾਲ ਲਿਆ ਜਾਵੇਗਾ ਅਤੇ ਸਬੰਧਤ ਅਧਿਕਾਰੀ/ਕਰਮਚਾਰੀ ਵਿਰੁੱਧ ਸਖਤ ਅਨੁਸਾਸ਼ਨੀ ਕਾਰਵਾਈ ਕੀਤੀ ਜਾਵੇਗੀ।

ਉਪਰੋਕਤ ਹਦਾਇਤਾਂ ਮਾਨਯੋਗ ਸਿੱਖਿਆ ਮੰਤਰੀ, ਪੰਜਾਬ ਜੀ ਦੀ ਪ੍ਰਵਾਨਗੀ ਨਾਲ ਜਾਰੀ ਕੀਤੀਆਂ ਜਾ ਰਹੀਆਂ ਹਨ।

ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ

ਪਿੱਠ ਅੰਕਣ ਨੰ. ਉਕਤ /202382562-65 ਮਿਤੀ, ਸਅਸ ਨਗਰ: 21.03.23

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ:-

1. ਪੀ.ਏ./ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
2. ਡਾਇਰੈਕਟਰ ਸਿੱਖਿਆ ਵਿਭਾਗ (ਐਸਿ), ਪੰਜਾਬ।
3. ਡਾਇਰੈਕਟਰ, ਐੱਸ.ਸੀ.ਈ.ਆਰ.ਟੀ. ਪੰਜਾਬ।
4. ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ), ਦ: ਡਾ. ਸਕੂ. ਐਜੂ (ਸੈਕੰਡਰੀ) ਪੰਜਾਬ।

ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ

21/03/2023

Scanned with OKEN Scanner